੭ ਵਿਚ ਕਨਾਨੀ ਸਨ। ਤਦ ਪ੍ਰਭੁ ਨੈ ਅਬਿਰਾਮ ਨੂੰ ਦਰਸਲ
ਦੇਕੇ ਕਿਹਾ, ਜੋ ਇਹੋ ਦੇਸ ਮੈਂ ਤੇਰੀ ਨਸਲ ਨੂੰ ਦਿਆਂਗਾ।
ਅਤੇ ਓਨ ਉਸ ਜਾਗਾ ਪ੍ਰਭੁ ਦੇ ਲਈ ਜੋ ਉਹ ਨੂੰ ਦਰਸਲ
੮ ਦਿੱਤਾ ਸੀ, ਇਕ ਜਗਵੇਦੀ ਬਲਾਈ। ਅਤੇ ਉਸ ਨੈ ਉਥੋਂ
ਬੈਤੇਲ ਦੇ ਪੂਰਬ ਦੇ ਪਹਾੜਾਂ ਦੀ ਵਲ ਕੂਚ ਕਰਕੇ ਆਪਲਾ
ਤੰਬੂ ਉਸ ਜਾਗਾ ਖੜਾ ਕੀਤਾ, ਕਿ ਜਿਥੇ ਬੈਤੇਲ ਉਸ ਦੇ ਪ-
ਛੱਮ, ਅਤੇ ਅਈ ਤਿਸ ਦੇ ਪੂਰਬ ਦੇ ਪਾਸੇ ਸੀ; ਤਿੱਥੇ ਉਸ
ਨੈ ਪ੍ਰਭੁ ਦੇ ਲਈ ਇਕ ਜਗਵੇਦੀ ਬਲਾਈ, ਅਤੇ ਪ੍ਰਭੁ ਦਾ
੯ ਨਾਉਂ ਲੀਤਾ। ਅਤੇ ਅਬਿਰਾਮ ਹੌਲੇ ਹੌਲੇ ਦੱਖਲ ਦੀ
ਵਲ ਤੁਰਦਾ ਗਿਆ ॥

੧੦ ਅਤੇ ਉਸ ਦੇਸ ਵਿਚ ਕਾਲ੍ਹ ਪਿਆ, ਅਤੇ ਅਬਿਰਾਮ
ਮਿਸਰ ਵਿਚ ਰਹਿਲ ਲਈ ਗਿਆ; ਇਸ ਲਈ ਜੋ ਉਸ ਦੇਸ
੧੧ ਵਿਚ ਵਡਾ ਕਾਲ੍ਹ ਸਾ। ਅਤੇ ਅਜਿਹਾ ਹੋਇਆ, ਕਿ ਜਾਂ
ਮਿਸਰ ਦੇ ਨੇੜੇ ਪਹੁਤਾ, ਤਾਂ ਓਨ ਆਪਲੀ ਤੀਵੀਂ ਸਰੀ ਨੂੰ
ਕਿਹਾ, ਹੁਲ ਦੇਖ, ਮੈਂ ਜਾਲਦਾ ਹਾਂ, ਜੋ ਤੂੰ ਸਕਲ ਦੀ ਸੋਹਲੀ
੧੨ ਇਸਤ੍ਰੀ ਹੈਂ। ਅਤੇ ਐਉਂ ਹੋਵੇਗਾ, ਕਿ ਮਿਸਰੀ ਤੈ ਨੂੰ ਦੇਖ-
ਕੇ ਆਖਲਗੇ, ਜੋ ਇਹ ਉਹ ਦੀ ਰੱਨ ਹੈਗੀ; ਸੋ ਮੈ ਨੂੰ ਮਾਰ
੧੩ ਸਿਟਲਗੇ, ਅਤੇ ਤੈ ਨੂੰ ਜੀਉਂਦੀ ਰੱਖ ਲੈਲਗੇ। ਹੁਲ ਤੂੰ ਕਹੀਂ,
ਜੋ ਤੂੰ ਮੇਰੀ ਭੈਲ ਹੈਂ, ਤਾਂ ਤੇਰੇ ਕਾਰਨ ਮੇਰਾ ਭਲਾ ਹੋਵੇ, ਅ-
ਤੇ ਮੇਰੀ ਜਾਨ ਤੇਰੇ ਕਰਕੇ ਬਚ ਰਹੇ ॥

੧੪ ਸੋ ਜਾਂ ਅਬਿਰਾਮ ਮਿਸਰ ਵਿਚ ਜਾ ਉਪੜਿਆ, ਤਾਂ
ਮਿਸਰੀਆਂ ਨੈ ਉਸ ਤ੍ਰੀਮਤ ਨੂੰ ਡਿੱਠਾ, ਜੋ ਅੱਤ ਸੋਹਲੀ ਹੈ।
੧੫ ਅਤੇ ਫਿਰਊਨ ਦੇ ਸਰਦਾਰਾਂ ਨੈ ਉਹ ਨੂੰ ਡਿੱਠਾ, ਅਤੇ ਫਿਰ-
ਊਨ ਪਾਸ ਤਿਸ ਦੀ ਤਰੀਫ ਕੀਤੀ, ਅਤੇ ਉਹ ਤ੍ਰੀਮਤ ਫਿਰ-
੧੬ ਊਨ ਦੇ ਘਰ ਪੁਚਾਈ ਗਈ। ਅਤੇ ਓਨ ਉਹ ਦੀ ਖਾਤਰ

ਥਾਤ ਉਸ ਚੁਸਮੇ ਦੇ ਕੋਲ, ਜੋ ਸੂਰ ਦੇ ਰਾਹ ਪੁਰ ਹੈ। ਅਤੇ ਉਨ ੮
ਕਿਹਾ, ਜੋ ਹੇ ਸਰੀ ਦੀ ਦਾਸੀ ਹਾਜਿਰਾਹ, ਤੂੰ ਕਿਥੋਂ ਆਉਂ-
ਦੀ, ਅਤੇ ਕਿੱਧਰ ਨੂੰ ਜਾਂਦੀ ਹੈਂ? ਉਹ ਬੋਲੀ, ਕਿ ਮੈਂ ਆਪ-
ਲੀ ਬੀਬੀ ਸਰੀ ਦੇ ਕੋਲੋਂ ਭੱਜੀ ਜਾਂਦੀ ਹਾਂ। ਤਾਂ ਪ੍ਰਭੁ ਦੇ ੯
ਦੂਤ ਨੈ ਤਿਸ ਨੂੰ ਕਿਹਾ, ਜੋ ਤੂੰ ਆਪਲੀ ਮਾਲਕਲੀ ਕੋਲ
ਮੁੜਕੇ ਜਾਹ, ਅਤੇ ਉਹ ਦੇ ਤਾਬੇ ਰਹੁ। ਫੇਰ ਪ੍ਰਭੁ ਦੇ ਦੂਤ ੧੦
ਨੈ ਉਸ ਨੂੰ ਕਿਹਾ, ਜੋ ਮੈਂ ਤੇਰੀ ਉਲਾਦ ਨੂੰ ਇਤਨਾ ਵਧਾ-
ਵਾਂਗਾ, ਜੋ ਬੁਤਾਇਤ ਦੇ ਕਾਰਨ ਗਿਲੀ ਨਾ ਜਾਵੇ। ਅ- ੧੧
ਤੇ ਪ੍ਰਭੁ ਦੇ ਦੂਤ ਨੈ ਤਿਸ ਨੂੰ ਕਿਹਾ, ਜੋ ਵੇਖ, ਤੂੰ ਗਰਭ-
ਲੀ ਹੈਂ; ਇਕ ਪੁਤ੍ਰ ਜਲੇਂਗੀ; ਉਹ ਦਾ ਨਾਉਂ ਇਸਮਾਈਲ
ਰੱਖੀਂ; ਕਿੰਉ ਜੋ ਪ੍ਰਭੁ ਨੈ ਤੇਰਾ ਦੁਖ ਸੁਲ ਲੀਤਾ। ਉਹ ੧੨
ਬਲਮਾਹਲੂ ਹੋਊ, ਉਹ ਦਾ ਹੱਥ ਸਭ ਦਾ ਸਾਹਮਲਾ ਕਰੇ-
ਗਾ, ਅਤੇ ਸਭ ਦਾ ਹੱਥ ਉਹ ਦਾ ਸਾਹਮਲਾ; ਅਤੇ ਉਹ
ਆਪਲੇ ਸਭਨਾਂ ਭਰਾਵਾਂ ਦੇ ਰੋਬਰੋ ਰਹੇਗਾ। ਅਤੇ ਉਨ ੧੩
ਪ੍ਰਭੁ ਦਾ ਨਾਉਂ ਜੋ ਉਸ ਨਾਲ ਬੋਲਿਆ, ਇਹ ਰਖਿਆ, ਜੋ
ਤੂੰ ਦਰਸਲ ਦਾ ਪਰਮੇਸੁਰ ਹੈਂ; ਕਿੰਉ ਜੋ ਉਹ ਬੋਲੀ, ਕਿਆ
ਮੈਂ ਇਥੇ ਦੇਖਲ ਪਿੱਛੇ ਦੇਖਦੀ ਹਾਂ? ਇਸ ਕਰਕੇ ਉਸ ਖੂਹ ੧੪
ਦਾ ਨਾਉਂ ਬੀਰ-ਉਲਹਈ-ਉਲਰਾਈ, ਅਰਥਾਤ ਜੀਉਲ
ਦਰਸਲ ਦਾ ਖੂਹ ਧਰਿਆ ਗਿਆ। ਦੇਖ, ਉਹ ਕਾਦਿਸ
ਅਰ ਬਾਰਿਦ ਦੇ ਗੱਭੇ ਹੈ। ਉਪਰੰਦ ਹਾਜਿਰਾਹ ਨੈ ਅਬਿ- ੧੫
ਰਾਮ ਦੇ ਲਈ ਪੁਤ੍ਰ ਜਲਿਆ, ਅਤੇ ਅਬਿਰਾਮ ਨੈ ਆਪ-
ਲੇ ਪੁਤ੍ਰ ਦਾ ਨਾਉਂ ਜੋ ਹਾਜਿਰਾਹ ਨੈ ਜਲਿਆ, ਇਸਮਾ-
ਈਲ ਧਰਿਆ। ਅਤੇ ਜਾਂ ਅਬਿਰਾਮ ਦੇ ਹਾਜਿਰਾਹ ਥੀਂ ੧੬
ਇਸਮਾਈਲ ਜੰਮਿਆ, ਤਦ ਅਬਿਰਾਮ ਛਿਆਸੀ ਵਰ੍ਹਿ-
ਹਾਂ ਦਾ ਸਾ॥

ਜੋ ਸਾਰੇ ਜਗਤ ਦੇ ਬੁਹਾਰ ਅਨੁਸਾਰ ਸਾਡੇ ਨਾਲ਼ ਸੰਗਤ ਕਰੇ;
੩੨ ਆਉ, ਅਸੀਂ ਆਪਲੇ ਪਿਉ ਨੂੰ ਮਦ ਪਿਵਾਯੇ, ਅਤੇ ਉਸ
ਨਾਲ਼ ਸੰਗ ਕਰਿਯੇ, ਤਾਂ ਆਪਲੇ ਪਿਤਾ ਤੇ ਨਸਲ ਬਾਕੀ
੩੩ ਰਖਿਯੇ। ਸੋ ਉਤੀ ਰਾਤ ਆਪਲੇ ਪਿਤਾ ਨੂੰ ਮਦ ਪਿ-
ਵਾਈ; ਅਤੇ ਵਡੀ ਗਈ, ਅਤੇ ਆਪਲੇ ਪਿਤਾ ਦੇ ਸੰਗ
ਸੁੱਤੀ; ਪਰ ਲੂਤ ਨੂੰ ਉਹ ਦੇ ਲੇਟਲੇ ਉਠਲੇ ਦੀ ਖਬਰ ਨਸੇ।
੩੪ ਅਤੇ ਦੂਜੇ ਦਿਹਾੜੇ ਅਜਿਹਾ ਹੋਇਆ ਜੋ ਵਡੀ ਨੈ ਛੋਟੀ ਨੂੰ
ਕਿਹਾ, ਦੇਖ, ਕੱਲ ਰਾਤੀਂ ਮੈਂ ਆਪਲੇ ਪਿਤਾ ਦੇ ਸੰਗ ਸੁੱਤੀ,
ਸੋ ਅੱਜ ਰਾਤ ਬੀ ਉਹ ਨੂੰ ਮਦ ਪਿਲਾਯੇ, ਅਰ ਤੂੰ ਜਾਕੇ
ਉਹ ਦੇ ਨਾਲ਼ ਸੌਂ, ਕਿ ਆਪਲੇ ਪਿਤਾ ਤੇ ਨਸਲ ਬਾਕੀ
੩੫ ਰਖਿਯੇ। ਸੋ ਉਸ ਰਾਤ ਬੀ ਉਨ੍ਹੀਂ ਆਪਲੇ ਪਿਤਾ ਨੂੰ ਮਦ
ਪਿਵਾਈ; ਅਤੇ ਨਿਕੜੀ ਉੱਠਕੇ ਉਸ ਨਾਲ਼ ਸੁੱਤੀ; ਪਰ
ਲੂਤ ਨੂੰ ਉਹ ਦੇ ਬੀ ਲੇਟਲੇ ਉੱਠਲੇ ਦੀ ਖਬਰ ਨਾ ਹੋਈ।
੩੬ ਸੋ ਲੂਤ ਦੀਆਂ ਦੁਹਾਂ ਧੀਆਂ ਨੈ ਆਪਲੇ ਪਿਤਾ ਤੇ ਗਰਭ
੩੭ ਧਾਰਿਆ। ਅਤੇ ਵਡੀ ਨੈ ਇਕ ਪੁੱਤ ਜਲਿਆ, ਅਤੇ
ਉਹ ਦਾ ਨਾਉਂ ਮੋਆਬ ਧਰਿਆ; ਸੋ ਮੋਆਬੀਆਂ ਦਾ, ਜੋ
੩੮ ਅੱਜ ਤੀਕੁਰ ਹਨ, ਉਹੋ ਪਿਉ ਹੈ। ਅਤੇ ਨਿਕੜੀ ਨੈ ਬੀ
ਇਕ ਪੁੱਤ੍ਰ ਜਲਿਆ, ਅਤੇ ਤਿਸ ਦਾ ਨਾਉਂ ਬਿਨਆਮੀ
ਰਖਿਆ; ਸੋ ਅੱਮੂਨ ਦੀ ਉਲਾਦ ਦਾ, ਜੋ ਅੱਜ ਤੀਕੁਰ ਹੈ,
ਉਹੋ ਪਿਉ ਹੈ॥

[੨੦] ਉਪਰੰਦ ਅਬਿਰਹਾਮ ਉੱਥੋਂ ਦੱਖਲ ਦੀ ਧਰਤੀ ਵਲ
ਚਲਿਆ, ਅਤੇ ਕਾਦੇਸ ਅਰ ਸੂਰ ਵਿਚ ਅਟਕਿਆ, ਅਤੇ
੨ ਜਰਾਰ ਵਿਖੇ ਜਾ ਰਿਹਾ। ਅਤੇ ਅਬਿਰਹਾਮ ਨੈ ਆਪਲੀ
ਇਸਤ੍ਰੀ ਸਾਇਰਾਹ ਵਿਖੇ ਕਿਹਾ, ਜੋ ਉਹ ਮੇਰੀ ਭੈਲ ਹੈ।
ਤਦ ਜਰਾਰ ਦੇ ਰਾਜੇ ਅਬਿਮਲਿਕ ਨੈ ਆਦਮੀ ਘੱਲਕੇ

ਤੁਸਾਡੇ ਪਾਸ ਆਉਂਦਾ ਹਾਂ। ਉਪਰੰਦ ਅਬਿਰਹਾਮ ਨੈ ੬
ਬਲ਼ ਦੀਆਂ ਲੱਕੜੀਆਂ ਲੈਕੇ, ਆਪਣੇ ਪੁੱਤ੍ਰ ਇਸਹਾਕ ਉੱਤੇ
ਧਰੀਆਂ, ਅਤੇ ਅੱਗ ਅਰ ਛੁਰੀ ਆਪਣੇ ਹੱਥ ਵਿਚ ਲੈਕੇ,
ਦੋਨੋ ਨਾਲ਼ ਨਾਲ਼ ਤੁਰ ਪਏ। ਤਦ ਇਸਹਾਕ ਨੈ ਆਪਣੇ ੭
ਪਿਤਾ ਅਬਿਰਹਾਮ ਨੂੰ ਕਿਹਾ, ਹੇ ਮੇਰੇ ਪਿਤਾ! ਓਨ ਉੱਤਰ
ਦਿੱਤਾ, ਮੇਰੇ ਪੁੱਤ੍ਰ, ਮੈਂ ਅਹ ਹਾਂ; ਓਨ ਕਿਹਾ, ਭਲਾ, ਅੱਗ
ਅਤੇ ਲੱਕੜੀਆਂ ਤਾ ਹਨ, ਪਰ ਬਲ਼ ਦੀ ਲਈ ਲੇਲਾ ਕਿਥੇ
ਹੈ? ਅਬਿਰਹਾਮ ਨੈ ਕਿਹਾ, ਹੇ ਮੇਰੇ ਪੁੱਤ੍ਰ, ਪਰਮੇਸੁਰ ਆਪ- ੮
ਣੀ ਬਲ਼ ਲਈ ਆਪ ਲੇਲਾ ਘੱਲੇਗਾ; ਤਦ ਓਹ ਦੋਵੇਂ ਕੱਠੇ
ਹੋਕੇ ਗਏ। ਅਤੇ ਉਸ ਥਾਉਂ ਉੱਤੇ, ਜੋ ਪਰਮੇਸੁਰ ਨੈ ਉਹ ਨੂੰ ੯
ਦੱਸਿਆ ਸੀ, ਪਹੁਤੇ। ਤਦ ਅਬਿਰਹਾਮ ਨੈ ਉੱਥੇ ਇਕ ਜਗ-
ਵੇਦੀ ਬਣਾਈ, ਅਤੇ ਲੱਕੜੀਆਂ ਚਿਣੀਆਂ, ਅਤੇ ਆਪਣੇ
ਪੁੱਤ ਇਸਹਾਕ ਨੂੰ ਜੂੜਕੇ, ਉਸ ਜਗਵੇਦੀ ਉੱਤੇ ਲਕੜੀਆਂ
ਦੇ ਉੱਪਰ ਧਰਿਆ। ਅਤੇ ਅਬਿਰਹਾਮ ਨੈ ਹੱਥ ਪਸਾਰਕੇ ੧੦
ਛੁਰੀ ਲਈ, ਜੋ ਆਪਣੇ ਪੁੱਤ ਨੂੰ ਕੁਹੇ। ਤਦ ਪ੍ਰਭੁ ਦੇ ੧੧
ਦੂਤ ਨੈ ਉਹ ਨੂੰ ਸੁਰਗ ਤੇ ਹਾਕ ਮਾਰੀ, ਅਤੇ ਕਿਹਾ, ਹੇ
ਅਬਿਰਹਾਮ! ਉਹ ਬੋਲਿਆ, ਮੈਂ ਹਾਜਰ ਹਾਂ। ਓਨ ਕਿ- ੧੨
ਹਾ, ਤੂੰ ਆਪਣਾ ਹੱਥ ਨੀਂਗਰ ਉੱਤੇ ਨਾ ਵਗਾਉ, ਅਤੇ ਤਿਸ
ਨੂੰ ਕੁਛ ਨਾ ਕਰ; ਕਿੰਉਕਿ ਹੁਣ ਮੈਂ ਜਾਣ ਲੀਤਾ, ਜੋ ਤੂੰ ਪਰਮੇ-
ਸੁਰ ਤੇ ਡਰਦਾ ਹੈਂ; ਇਸ ਲਈ ਕਿ ਤੈਂ ਆਪਣੇ ਪੁੱਤ੍ਰ, ਆਪ-
ਣੇ ਇਕਲੌਤੇ ਪੁੱਤ੍ਰ ਨੂੰ ਬੀ ਮੇ ਤੇ ਹਟਾ ਨਾ ਰਖਿਆ। ਉਪ- ੧੩
ਰੰਦ ਅਬਿਰਹਾਮ ਨੈ ਆਪਣੀਆਂ ਅੱਖਾਂ ਉਠਾਈਆਂ,
ਅਤੇ ਆਪਣੇ ਪਿੱਛੇ ਇਕ ਛਤ੍ਰਾ ਡਿੱਠਾ, ਜੋ ਆਪਣੇ ਸਿੰਗਾਂ
ਦਾ ਮਾਰਿਆ ਝਾੜੀ ਵਿਚ ਫਸਿਆ ਹੋਇਆ ਸਾ; ਅਬਿਰ-
ਹਾਮ ਨੈ ਜਾਕੇ ਉਸ ਛਤ੍ਰੇ ਨੂੰ ਆਂਦਾ, ਅਤੇ ਆਪਣੇ ਪੁੱਤ੍ਰ

ਹੈ, ਉਹ ਨੂੰ ਲੈ ਜਾਹ; ਜੋ ਉਹ ਪ੍ਰਭੁ ਦੇ ਆਖਣ ਅਨੁਸਾਰ
ਤੇਰੇ ਮਾਲਕ ਦੇ ਪੁੱਤ੍ਰ ਦੀ ਵਹੁਟੀ ਬਣੇ। ਅਤੇ ਅਜਿਹਾ ੫੨
ਹੋਇਆ, ਜੋ ਅਬਿਰਹਾਮ ਦਾ ਦਾਸ ਤਿਨ੍ਹਾਂ ਦੀਆਂ ਗੱਲਾਂ
ਸੁਣਕੇ, ਪ੍ਰਭੁ ਦੇ ਅਗੇ ਧਰਤੀ ਵਲ ਝੁਕਿਆ। ਅਤੇ ਦਾਸ ੫੩
ਨੈ ਰੁੱਪੇ ਅਤੇ ਸੋਇਨੇ ਦੇ ਗਹਿਣੇ ਅਤੇ ਕੱਪੜੇ ਕੱਢਕੇ,
ਰਿਬਕਾ ਨੂੰ ਦਿੱਤੇ, ਅਤੇ ਓਨ ਤਿਸ ਦੇ ਭਾਈ ਅਤੇ ਤਿਸ
ਦੀ ਮਾਤਾ ਨੂੰ ਬੀ ਵਡਮੁੱਲੀਆਂ ਵਸਤਾਂ ਦਿੱਤੀਆਂ। ਅਤੇ ੫੪
ਓਨ ਅਰ ਉਨ੍ਹਾਂ ਲੋਕਾਂ ਨੈ ਜੋ ਉਸ ਦੇ ਸੰਗ ਥੇ, ਖਾਹ-
ਦਾ ਪੀਤਾ, ਅਤੇ ਰੈਨ ਉਥੇ ਹੀ ਕੱਟੀ, ਅਤੇ ਸਵੇਰ ਨੂੰ ਉੱਠੇ;
ਤਾਂ ਉਨ ਕਿਹਾ, ਜੋ ਮੈ ਨੂੰ ਮੇਰੇ ਮਾਲਕ ਦੇ ਕੋਲ ਨੂੰ ਤੋਰ
ਦਿਓ। ਤਿਸ ਦੇ ਭਰਾਉ ਅਤੇ ਤਿਸ ਦੀ ਮਾਤਾ ਨੈ ਕਿਹਾ, ੫੫
ਕਿ ਦਸਕੁ ਦਿਹਾੜੇ ਕੁੜੀ ਨੂੰ ਸਾਡੇ ਕੋਲ ਰਹਿਣ ਦਿਹ,
ਤਿਸ ਪਿਛੇ ਚਲੀ ਜਾਵੇਗੀ। ਉਨ ਤਿਨ੍ਹਾਂ ਨੂੰ ਕਿਹਾ, ਜੋ ੫੬
ਮੈ ਨੂੰ ਨਾ ਰੋਕੋ; ਕਿੰਉਕਿ ਪ੍ਰਭੁ ਨੈ ਮੇਰਾ ਸਫਰ ਭਾਗਵਾਨ
ਕੀਤਾ; ਮੈ ਨੂੰ ਬਿਦਿਆ ਕਰ ਦਿਓ, ਤਾਂ ਮੈਂ ਆਪਣੇ ਮਾ-
ਲਕ ਪਾਹ ਜਾਵਾਂ। ਓਹ ਬੋਲੇ, ਅਸੀਂ ਕੁੜੀ ਨੂੰ ਸੱਦਕੇ ੫੭
ਉਸੇ ਤੇ ਪੁਛਦੇ ਹਾਂ। ਤਦ ਉਨ੍ਹੀਂ ਰਿਬਕਾ ਨੂੰ ਸੱਦਿਆ, ੫੮
ਅਤੇ ਉਸ ਨੂੰ ਕਿਹਾ, ਤੂੰ ਇਸ ਆਦਮੀ ਦੇ ਸੰਗ ਜਾਵੇਂਗੀ?
ਉਹ ਬੋਲੀ, ਹਾਂ ਜਾਵਾਂਗੀ। ਤਦ ਉਨ੍ਹੀਂ ਆਪਣੀ ਭੈਣ ੫੯
ਰਿਬਕਾ, ਅਤੇ ਉਹ ਦੀ ਦਾਈ, ਅਤੇ ਅਬਿਰਹਾਮ ਦੇ ਚਾ-
ਕਰਾਂ, ਅਤੇ ਤਿਸ ਦੇ ਆਦਮੀਆਂ ਨੂੰ ਤੋਰ ਦਿੱਤਾ। ਅਤੇ ੬੦
ਉਨ੍ਹੀਂ ਰਿਬਕਾ ਨੂੰ ਅਸੀਸ ਦਿੱਤੀ, ਅਤੇ ਉਹ ਨੂੰ ਕਿਹਾ, ਤੂੰ
ਸਾਡੀ ਭੈਣ ਹੈਂ, ਤੂੰ ਕਰੋੜਾਂ ਦੀ ਮਾਤਾ ਹੋ, ਅਤੇ ਤੇਰੀ ਨਸਲ
ਆਪਣੇ ਵੈਰੀਆਂ ਦੇ ਬੂਹਿਆਂ ਦੀ ਅਧਿਕਾਰੀ ਹੋਵੇ!
ਉਪਰੰਦ ਰਿਬਕਾ ਅਤੇ ਤਿਸ ਦੀਆਂ ਦਾਸੀਆਂ ੬੧

ਲਈ ਤਿੰਨ ਪੁੱਤ੍ਰ ਜਲੇ, ਇਸ ਕਰਕੇ ਉਹ ਦਾ ਨਾਉਂ ਲੇਵੀ
੩੫ ਧਰਿਆ। ਅਤੇ ਉਹ ਨੂੰ ਫੇਰ ਅਧਾਨ ਹੋਇਆ, ਅਤੇ
ਪੁੱਤ੍ਰ ਜਲਿਆ, ਅਤੇ ਬੋਲੀ, ਹੁਲ ਮੈਂ ਪ੍ਰਭੁ ਦੀ ਉਸਤੁਤ
ਕਰਾਂਗੀ; ਇਸ ਕਾਰਨ ਉਹ ਦਾ ਨਾਉਂ ਯਿਹੂਦਾ ਰੱਖਿਆ।
ਫੇਰ ਜਲਨੇ ਤੇ ਰਹਿ ਗਈ॥

[੩੦] ਉਪਰੰਦ ਜਾਂ ਰਾਹੇਲ ਨੈ ਡਿੱਠਾ, ਜੋ ਮੈ ਨੂੰ ਜਾਕੂਬ ਦੀ
ਉਲਾਦ ਨਾ ਹੋਈ, ਤਾਂ ਰਾਹੇਲ ਆਪਲੀ ਭੈਲ ਨਾਲ਼ ਖੁਲ-
ਸੀ, ਅਤੇ ਜਾਕੂਬ ਨੂੰ ਕਿਹਾ, ਜੋ ਮੈ ਨੂੰ ਪੁੱਤ ਦਿਹ, ਨਹੀਂ ਤਾ
੨ ਮੈਂ ਮਰ ਜਾਵਾਂਗੀ। ਤਦ ਜਾਕੂਬ ਰਾਹੇਲ ਨੂੰ ਗੁੱਸੇ ਹੋਕੇ
ਬੋਲਿਆ, ਕੀ ਮੈਂ ਪਰਮੇਸੁਰ ਦੀ ਜਾਗਾ ਹਾਂ, ਜਿਨ ਤੈ ਥੋਂ
੩ ਪੇਟ ਦਾ ਫਲ਼ ਹਟਾ ਰਖਿਆ ਹੈ? ਉਹ ਬੋਲੀ, ਦੇਖ, ਮੇ-
ਰੀ ਦਾਸੀ ਬਿਲਹਾ ਇਥੇ ਹੈ; ਉਸ ਦੇ ਕੋਲ਼ ਜਾਹ, ਅਤੇ
ਉਹ ਮੇਰੀ ਗੋਦੀ ਵਿਚ ਜਲੇਗੀ, ਤਾਂ ਇਸ ਤਰਾਂ ਮੈਂ ਭੀ
੪ ਸੁਪੁੱਤ੍ਰੀ ਹੋ ਜਾਵਾਂ। ਅਤੇ ਓਨ ਆਪਲੀ ਦਾਸੀ ਬਿਲ-
ਹਾ ਤਿਸ ਨੂੰ ਕਰ ਦਿੱਤੀ, ਅਤੇ ਜਾਕੂਬ ਉਸ ਪਾਸ ਗਿਆ।
੫ ਅਤੇ ਬਿਲਹਾ ਨੂੰ ਅਧਾਨ ਹੋਇਆ, ਅਤੇ ਜਾਕੂਬ ਦਾ
੬ ਪੁੱਤ੍ਰ ਜਲਿਆ। ਤਦ ਰਾਹੇਲ ਬੋਲੀ, ਜੋ ਪਰਮੇਸੁਰ ਨੈ
ਮੇਰਾ ਨਿਆਉਂ ਕੀਤਾ, ਅਤੇ ਮੇਰਾ ਸਬਦ ਸੁਲਕੇ ਮੈ ਨੂੰ
ਇਕ ਪੁੱਤ੍ਰ ਦਿੱਤਾ; ਇਸ ਲਈ ਉਹ ਦਾ ਨਾਉਂ ਦਾਨ ਧ-
੭ ਰਿਆ। ਅਤੇ ਰਾਹੇਲ ਦੀ ਦਾਸੀ ਬਿਲਹਾ ਫੇਰ ਪੇਟ
ਨਾਲ਼ ਹੋਈ, ਅਤੇ ਜਾਕੂਬ ਦਾ ਦੂਜਾ ਪੁੱਤ ਜਲਿਆ।
੮ ਫੇਰ ਰਾਹੇਲ ਬੋਲੀ, ਮੈਂ ਆਪਲੀ ਭੈਲ ਦੇ ਨਾਲ਼ ਪਰਮੇਸੁਰ
ਦੇ ਝਗੜਿਆਂ ਥੀਂ ਝਗੜੀ, ਅਤੇ ਮੈਂ ਜੇਤ ਵਿਚ ਰਹੀ। ਸੋ
੯ ਓਨ ਤਿਸ ਦਾ ਨਾਉਂ ਨਫਤਾਲੀ ਰੱਖਿਆ। ਜਾਂ ਲੀਆ
ਨੈ ਡਿੱਠਾ, ਕਿ ਉਹ ਜਲਨੇ ਤੇ ਰਹਿ ਗਈ, ਤਾਂ ਓਨ ਆਪ-

ਅਤੇ ਜਾਕੂਬ ਲਾਬਾਨ ਦੇ ਬਾਕੀ ਅੱਜੜਾਂ ਨੂੰ ਚਾਰਦਾ ਰਿਹਾ॥
੩੭ ਉਪਰੰਦ ਜਾਕੂਬ ਨੈ ਆਪਲੇ ਲਈ ਹਰੇ ਸੁਪੈਦੇ ਅਤੇ
ਬਦਾਮ ਅਤੇ ਸਰੂ ਦੀਆਂ ਛਿਟੀਆਂ ਲੈਕੇ ਤਿਨ੍ਹਾਂ ਪੁਰ
ਐਸੇ ਗੰਡੇ ਪਾਏ, ਜੋ ਛਿਟੀਆਂ ਦੀ ਬਗਿਆਈ ਪਰਗਟ ਹੋ-
੩੮ ਈ। ਅਤੇ ਉਹ ਉਨ੍ਹਾਂ ਛਿਟੀਆਂ ਨੂੰ, ਕਿ ਜਿਨ੍ਹਾਂ ਪੁਰ ਗੰਡੇ
ਪਾਏ ਸੇ, ਹੌਦਾਂ ਅਤੇ ਨਲ੍ਹਿਆਂ ਵਿਚ, ਜਿੱਥੇ ਅੱਜੜ ਪਾ-
ਲੀ ਪੀਲ ਆਉਂਦੇ ਸਨ, ਤਿਨ੍ਹਾਂ ਦੇ ਸਾਹਮਲੇ ਰਖਦਾ ਸਾ;
ਕਿ ਜਦ ਪਾਲੀ ਪੀਲ ਆਉਲ, ਤਾਂ ਓਹ ਗੱਭਲ ਹੋਲ।
੩੯ ਅਤੇ ਅੱਜੜ ਛਿਟੀਆਂ ਦੇ ਸਾਹਮਲੇ ਗੱਭਲ ਹੋਏ, ਅਤੇ
ਗਦਰੇ ਅਰ ਚਿਤਲੇ ਅਤੇ ਡੱਬੇ ਬੱਚੇ ਸੂਏ॥
੪੦ ਤਾਂ ਜਾਕੂਬ ਨੈ ਲੇਲ੍ਹੇ ਅੱਡ ਕੀਤੇ, ਅਤੇ ਲਾਬਾਨ ਦੇ
ਅੱਜੜ ਵਿਚ ਭੇਡਾਂ ਦੀਆਂ ਥੂਥੀਆਂ, ਗਦਰਿਆਂ ਅਤੇ
ਲੋਹਿਆਂ ਦੀ ਵਲ ਫੇਰ ਦਿੱਤੀਆਂ; ਅਤੇ ਓਨ ਆਪਲੇ
ਅੱਜੜਾਂ ਨੂੰ ਅੱਡ ਕੀਤਾ, ਅਤੇ ਲਾਬਾਨ ਦੇ ਅੱਜੜ ਵਿਚ
੪੧ ਰਲ੍ਹਨ ਨਾ ਦਿੱਤਾ। ਅਤੇ ਐਉਂ ਹੋਇਆ, ਕਿ ਸਰਬੱਤ ਮੋਟੇ
ਪਸੂਆਂ ਦੇ ਗੱਭਲ ਹੋਲ ਦੇ ਸਮੇ, ਜਾਕੂਬ ਨੈ ਛਿਟੀਆਂ
ਉਨ੍ਹਾਂ ਦੀਆਂ ਅੱਖਾਂ ਦੇ ਸਾਹਮਲੇ ਹੌਦਾਂ ਵਿਚ ਧਰੀਆਂ;
ਇਸ ਲਈ ਜੋ ਓਹ ਉਨ੍ਹਾਂ ਛਿਟੀਆਂ ਦੇ ਸਾਹਮਲੇ ਗੱਭਲ
੪੨ ਹੋਲ। ਪਰ ਜਾਂ ਮਾੜੇ ਪਸੂ ਆਏ, ਤਦ ਓਨ ਉਨ੍ਹਾਂ ਤਾ-
ਈਂ ਉਥੇ ਨਾ ਰੱਖਿਆ; ਇਸ ਕਰਕੇ ਲਾਬਾਨ ਦੇ ਪਸੂ
੪੩ ਲਿੱਸੇ, ਅਤੇ ਜਾਕੂਬ ਦੇ ਪਸੂ ਮੋਟੇ ਸਨ। ਉਪਰੰਦ ਉਹ
ਮਨੁੱਖ ਬਹੁਤ ਹੀ ਵਧ ਗਿਆ, ਅਤੇ ਬਹੁਤਸਾਰਿਆਂ
ਅੱਜੜਾਂ, ਦਾਸੀਆਂ, ਦਾਸਾਂ, ਅਤੇ ਊਠਾਂ ਅਰ ਗਧਿਆਂ
ਦਾ ਮਾਲਕ ਹੋ ਗਿਆ॥

[੩੧] ਉਪਰੰਦ ਜਾਕੂਬ ਨੈ ਲਾਬਾਨ ਦੇ ਪੁੱਤ੍ਰਾਂ ਨੂੰ ਏਹ ਗੱਲਾਂ

ਡਿੱਠਾ, ਜੋ ਏਸੌ ਚਾਰ ਸੈ ਮਨੁੱਖ ਨਾਲ ਆਉਂਦਾ ਹੈ। ਤਦ
ਓਨ ਲੀਆ ਅਤੇ ਰਾਹੇਲ ਨੂੰ ਅਤੇ ਦੁਹੁੰ ਦਾਸੀਆਂ ਨੂੰ
ਤਿਨ੍ਹਾਂ ਦੇ ਪੁੱਤ ਖੰਡ ਦਿੱਤੇ; ਅਤੇ ਦਾਸੀਆਂ ਨੂੰ ਅਤੇ ਉ- ੨
ਨ੍ਹਾਂ ਦਿਆਂ ਪੁੱਤ੍ਰਾਂ ਨੂੰ ਸਭ ਤੇ ਮੁਹੁਰੇ ਧਰਿਆ, ਅਤੇ ਲੀ-
ਆ ਅਰ ਉਹ ਦੇ ਬਾਲਕਾਂ ਨੂੰ ਉਨ੍ਹਾਂ ਤੇ ਪਿੱਛੇ, ਅਤੇ ਰਾ-
ਹੇਲ ਅਰ ਯੂਸੁਫ ਨੂੰ ਤਿਨ੍ਹਾਂ ਤੇ ਪਿੱਛੇ। ਅਤੇ ਉਹ ਆਪ ੩
ਉਨ੍ਹਾਂ ਦੇ ਅੱਗੇ ਤੁਰਿਆ, ਅਤੇ ਆਪਣੇ ਭਰਾਉ ਕੋਲ
ਅੱਪੜਦੇ ਅੱਪੜਦੇ ਸੱਤ ਬਾਰ ਧਰਤੀ ਪੁਰ ਝੁਕਿਆ।
ਅਤੇ ਏਸੌ ਉਹ ਦੇ ਮਿਲਣੇ ਲਈ ਦੌੜਿਆ, ਅਤੇ ਉਹ ੪
ਨੂੰ ਜੱਫੀ ਪਾਕੇ, ਅਤੇ ਉਹ ਦੇ ਗਲੇ ਚਿੰਬੜਕੇ ਉਹ ਨੂੰ
ਚੁੰਮਿਆ, ਅਤੇ ਦੋਵੇਂ ਰੋਏ। ਫੇਰ ਓਨ ਅੱਖਾਂ ਉਘਾੜੀ- ੫
ਆਂ, ਅਤੇ ਤ੍ਰੀਮਤਾਂ ਅਤੇ ਬਾਲਕਾਂ ਨੂੰ ਡਿੱਠਾ, ਅਤੇ ਕਿ-
ਹਾ, ਜੋ ਏਹ ਤੇਰੇ ਨਾਲ ਕੌਣ ਹਨ? ਉਹ ਕੂਇਆ, ਏਹ
ਓਹ ਬਾਲਕ ਹਨ, ਜੋ ਪਰਮੇਸੁਰ ਨੈ ਦਜਾ ਕਰਕੇ ਤੇਰੇ ਦਾਸ
ਨੂੰ ਦਿੱਤੇ। ਤਦ ਦਾਸੀਆਂ ਅਤੇ ਉਨ੍ਹਾਂ ਦੇ ਪੁੱਤ੍ਰਾਂ ਨੈ ਨੇੜੇ ੬
ਆਕੇ ਮੱਥਾ ਟੇਕਿਆ। ਫੇਰ ਲੀਆ ਨੈ ਆਪਣੇ ਪੁੱਤ੍ਰਾਂ ੭
ਸਣੇ ਕੋਲ ਆਕੇ, ਮੱਥਾ ਟੇਕਿਆ; ਓੜਕ ਨੂੰ ਯੂਸੁਫ ਅਤੇ
ਰਾਹੇਲ ਨੈ ਬੀ ਤਿਸ ਪਾਹ ਆਕੇ ਮੱਥਾ ਟੇਕਿਆ। ਉਹ ੮
ਕੂਇਆ, ਉਸ ਵਡੇ ਮਹਾਇਲ ਤੇ, ਜੋ ਮੈ ਨੂੰ ਮਿਲਿਆ,
ਤੇਰਾ ਕੀ ਅਰਥ ਹੈ? ਓਨ ਕਿਹਾ, ਜੋ ਮੇਰੇ ਪ੍ਰਭੁ ਦੀ ਨਜਰ
ਵਿਚ ਕਬੂਲ ਪਵੇ। ਤਾਂ ਏਸੌ ਬੋਲਿਆ, ਮੇਰੇ ਪਾਹ ਬਹੁਤ ੯
ਕੁਛ ਹੈ, ਮੇਰੇ ਭਾਈ, ਜੋ ਤੇਰਾ ਹੈ, ਸੋ ਤੂੰ ਆਪਣੇ ਹੀ ਕੋਲ
ਰੱਖ। ਯਾਕੂਬ ਨੈ ਕਿਹਾ, ਐਉਂ ਨਾ ਹੋਵੇ; ਜੇ ਮੈਂ ਤੇਰੀ ੧੦
ਨਜਰ ਵਿਚ ਪਸਿੰਦ ਹਾਂ, ਤਾਂ ਮੇਰਾ ਨਜਰਾਨਾ ਮੇਰੇ ਹੱਥੋਂ
ਕਬੂਲ ਕਰ; ਕਿੰਉਕਿ ਮੈਂ ਤਾ ਤੇਰਾ ਮੁਖ ਡਿੱਠਾ, ਜਿਹਾ ਕਿ

ਅਤੇ ਸੁੰਦਰ ਸੱਤ ਗਾਈਆਂ ਨਦੀਓਂ ਨਿੱਕਲੀਆਂ, ਅਤੇ
ਇਕ ਜੂਹ ਵਿਚ ਚਰਨ ਲੱਗੀਆਂ। ਅਤੇ ਕੀ ਦੇਖਦਾ ਹਾਂ, ੧੯
ਜੋ ਮਾੜੀਆਂ ਅਰ ਅੱਤ ਕੁਸੁਹਣੀਆਂ ਹੋਰ ਸੱਤ ਗਾਈਆਂ,
ਜੋ ਮਿਸਰ ਦੀ ਸਾਰੀ ਧਰਤੀ ਵਿਚ ਅਜਿਹੀਆਂ ਬੁਰੀਆਂ
ਮੈਂ ਕਦੇ ਨਹੀਂ ਡਿੱਠੀਆਂ, ਤਿਨ੍ਹਾਂ ਦੇ ਮਗਰੋਂ ਨਿੱਕਲੀਆਂ।
ਅਤੇ ਓਹ ਮਾੜੀਆਂ ਅਤੇ ਕੁਸੁਹਣੀਆਂ ਗਾਈਆਂ ਤਿਨ੍ਹਾਂ ੨੦
ਪਹਿਲੀਆਂ ਮੋਟੀਆਂ ਸੱਤਾਂ ਗਾਈਆਂ ਨੂੰ ਖਾ ਗਈਆਂ।
ਜਦ ਓਹ ਤਿਨ੍ਹਾਂ ਨੂੰ ਖਾ ਗਈਆਂ, ਤਾਂ ਨਹੀਂ ਜਾਤਾ, ਜੋ ੨੧
ਓਹ ਤਿਨ੍ਹਾਂ ਦੇ ਪੇਟ ਵਿਚ ਗਈਆਂ, ਅਤੇ ਓਹ ਪਹਿਲਾਂ
ਵਰਗੀਆਂ ਕੁਸੁਹਣੀਆਂ ਸਨ; ਤਦੋਂ ਮੈਂ ਜਾਗ ਉੱਠਿਆ।
ਅਤੇ ਆਪਣੇ ਸੁਫਨੇ ਵਿਚ ਫੇਰ ਡਿੱਠਾ, ਜੋ ਭਰੇ ਹੋਏ ਅਤੇ ੨੨
ਚੰਗੇ ਸੱਤ ਸਿੱਟੇ ਇਕ ਨਾਲੀ ਪੁਰ ਨਿੱਕਲੇ। ਅਤੇ ਕੀ ਦੇਖ- ੨੩
ਦਾ ਹਾਂ, ਜੋ ਸੱਤ ਸਿੱਟੇ ਸੁੱਕੇ ਅਤੇ ਪਤਲੇ, ਪੁਰੇ ਦੀ ਵਾਉ
ਨਾਲ਼ ਮੁੰਝਲਾਏ ਹੋਏ ਤਿਨ੍ਹਾਂ ਦੇ ਮਗਰੋਂ ਉੱਗੇ। ਅਤੇ ੨੪
ਉਨ੍ਹਾਂ ਪਤਲਿਆਂ ਸਿੱਟਿਆਂ ਨੈ ਉਨ੍ਹਾਂ ਹੱਛਿਆਂ ਸੱਤਾਂ
ਸਿੱਟਿਆਂ ਨੂੰ ਨਿਗਲ਼ ਲੀਤਾ। ਅਤੇ ਮੈਂ ਜਾਦੂਗਰਾਂ ਨੂੰ
ਬੀ ਕਿਹਾ; ਪਰ ਕੋਈ ਮੈ ਨੂੰ ਨਾ ਦੱਸ ਸੱਕਿਆ॥

ਤਦ ਯੂਸੁਫ ਨੈ ਫਿਰਊਨ ਨੂੰ ਕਿਹਾ, ਜੋ ਫਿਰਊਨ ਦਾ ੨੫
ਸੁਫਨਾ ਇਕ ਹੀ ਹੈ; ਪਰਮੇਸੁਰ ਨੈ ਜੋ ਕੁਛ ਕਿ ਉਹ ਕੀਤਾ
ਚਾਹੰਦਾ ਹੈ, ਸੋ ਫਿਰਊਨ ਨੂੰ ਦਿਖਾਲਿਆ। ਓਹ ਸੱਤ ੨੬
ਹੱਛੀਆਂ ਗਾਈਆਂ ਸੱਤ ਵਰਿਹਾਂ ਹਨ; ਅਤੇ ਹੱਛੇ ਸੱਤ
ਸਿੱਟੇ ਸੱਤ ਵਰਿਹਾਂ ਹਨ; ਸੁਫਨਾ ਇਕ ਹੀ ਹੈ। ਅਤੇ ਓਹ ੨੭
ਮਾੜੀਆਂ ਅਰ ਕੁਸੁਹਣੀਆਂ ਸੱਤ ਗਾਈਆਂ ਜੋ ਤਿਨ੍ਹਾਂ ਦੇ
ਪਿਛੇ ਨਿੱਕਲੀਆਂ, ਸੱਤ ਵਰਿਹਾਂ ਹਨ; ਅਤੇ ਓਹ ਸੱਤ
ਸੱਖਲੇ ਸਿੱਟੇ ਜੋ ਪੁਰੇ ਦੀ ਵਾਉ ਨਾਲ਼ ਮੁੰਝਲਾਏ ਹੋਏ ਹਨ,

ਉਪਰੰਦ ਤੀਜੇ ਦਿਨ ਯੂਸੁਫ ਨੈ ਤਿਨ੍ਹਾਂ ਨੂੰ ਕਿਹਾ, ਐਉਂ ੧੮
ਕਰੋ, ਤਾਂ ਜੀਉਂਦੇ ਰਹੋ; ਕਿੰਉਕਿ ਮੈਂ ਪਰਮੇਸੁਰ ਦਾ ਭਉ
ਰਖਦਾ ਹਾਂ। ਜੇ ਤੁਸੀਂ ਸਚੇ ਹੋ, ਤਾਂ ਇਕ ਨੂੰ ਆਪਣੇ ੧੯
ਭਰਾਵਾਂ ਵਿਚੋਂ ਬੰਦੀਖਾਨੇ ਵਿਚ ਰਹਿਣ ਦਿਓ; ਅਤੇ ਤੁਸੀਂ
ਕਾਲ ਦੀ ਲਈ ਆਪਣੇ ਘਰ ਵਿਚ ਅਨਾਜ ਲੈ ਜਾਓ।
ਅਤੇ ਆਪਣੇ ਨਿੱਕੜੇ ਭਰਾਉ ਨੂੰ ਮੇਰੇ ਪਾਹ ਲੈ ਆਓ; ੨੦
ਤੁਹਾਡੀਆਂ ਗੱਲਾਂ ਇਉਂਕੁਰ ਸਾਬਤ ਹੋਣਗੀਆਂ, ਅਤੇ ਤੁਸੀਂ
ਨਾ ਮਰੋਗੇ। ਸੋ ਉਨ੍ਹੀਂ ਇਵੇਂ ਕੀਤਾ॥

ਤਦ ਉਨ੍ਹੀਂ ਆਪਸ ਵਿਚ ਕਿਹਾ, ਜੋ ਅਸੀਂ ਠੀਕ ਆਪ- ੨੧
ਣੇ ਭਰਾਉ ਦੀ ਬਾਬਤ ਪਾਪੀ ਹਾਂਗੇ, ਕਿ ਜਦ ਓਨ ਸਾਡੀ
ਮਿੰਨਤ ਕੀਤੀ, ਅਸੀਂ ਉਸ ਦਾ ਵਿਰਲਾਪ ਦੇਖਕੇ ਤਿਸ ਦੀ
ਨਾ ਸੁਣੀ; ਇਸ ਕਰਕੇ ਇਹ ਕਸਟਣੀ ਸਾਡੇ ਉਪੁਰ ਪਈ।
ਤਦ ਰੂਬਿਨ ਨੈ ਤਿਨ੍ਹਾਂ ਨੂੰ ਉੱਤਰ ਦੇਕੇ ਕਿਹਾ, ਕਿਆ ਮੈਂ ੨੨
ਤੁਹਾ ਨੂੰ ਨਹੀਂ ਆਖਦਾ ਸੀ, ਜੋ ਇਸ ਬਾਲਕ ਦਾ ਨੁਕਸਾਨ
ਨਾ ਕਰੋ, ਅਤੇ ਤੁਸੀਂ ਨਾ ਸੁਣਿਆ? ਦੇਖੋ, ਹੁਣ ਤਿਸ ਦੇ
ਖੂਨ ਦਾ ਬਦਲਾ ਮੰਗੀਦਾ ਹੈ। ਅਤੇ ਓਹ ਨਹੀਂ ਜਾਣਦੇ ੨੩
ਸੇ, ਜੋ ਯੂਸੁਫ ਤਿਨ੍ਹਾਂ ਦੀਆਂ ਗੱਲਾਂ ਸਮਝਦਾ ਹੈ; ਇਸ
ਕਰਕੇ ਜੋ ਉਨ੍ਹਾਂ ਦੇ ਵਿਚ ਇਕ ਦੁਭਾਸੀਆ ਹੈਸੀ। ਤਦ ੨੪
ਉਹ ਉਨ੍ਹਾਂ ਪਾਸੋਂ ਬਗਲ ਹੋ ਗਿਆ, ਅਤੇ ਰੁੰਨਾ, ਅਤੇ ਫੇਰ
ਤਿਨ੍ਹਾਂ ਕੋਲ ਆਇਆ, ਅਤੇ ਉਨ੍ਹਾਂ ਸੰਗ ਗੱਲਾਂ ਕੀਤੀ-
ਆਂ, ਅਤੇ ਉਨ੍ਹਾਂ ਵਿਚੋਂ ਸਿਮਓਨ ਤਾਈਂ ਉਨ੍ਹਾਂ ਦੀਆਂ
ਅੱਖਾਂ ਦੇ ਸਾਹਮਣੇ ਜਕੜਿਆ॥

ਉਪਰੰਦ ਯੂਸੁਫ ਨੈ ਹੁਕਮ ਦਿੱਤਾ, ਜੋ ਉਨ੍ਹਾਂ ਦੀਆਂ ਗੂਣਾਂ ੨੫
ਅਨਾਜ ਨਾਲ ਭਰ ਦੇਣ, ਅਤੇ ਹਰ ਜਣੇ ਦੀ ਰੋਕੜ
ਮੋੜਕੇ ਤਿਸ ਦੀ ਗੂਣ ਵਿਚ ਰੱਖ ਦੇਣ, ਅਤੇ ਉਨ੍ਹਾਂ ਨੂੰ

ਰਸਤੇ ਦੀ ਖੁਰਾਕ ਬੀ ਦੇਣ; ਸੋ ਤਿਨਾਂ ਨਾਲ ਤਿਸ ਨੈ
੨੬ ਐਉਂ ਕੀਤਾ। ਅਤੇ ਉਨੀਂ ਆਪਣੇ ਗਧਿਆਂ ਉੱਤੇ ਅ-
੨੭ ਨਾਜ ਲੱਦਿਆ, ਅਤੇ ਉੱਥੋਂ ਤੁਰ ਪਏ। ਜਦ ਉਨਾਂ ਵਿੱਚੋਂ
ਇਕ ਨੈ ਮਜਲ ਸਿਰ ਆਪਣੀ ਗੂਣ ਖੁਹਲੀ, ਜੋ ਆਪਣੇ
ਗਧੇ ਨੂੰ ਦਾਣਾ ਘਾਹ ਚਾਰੇ, ਤਾਂ ਓਨ ਆਪਣੀ ਰੋਕੜ
੨੮ ਆਪਣੀ ਗੂਣ ਦੇ ਮੂਹੁੰ ਉੱਤੇ ਹੀ ਧਰੀ ਡਿੱਠੀ। ਤਦ ਓਨ
ਆਪਣੇ ਭਰਾਵਾਂ ਨੂੰ ਕਿਹਾ, ਜੋ ਮੇਰੀ ਰੋਕੜ ਫੇਰ ਦਿੱਤੀ
ਗਈ ਹੈ; ਅਤੇ ਦੇਖੋ, ਇਹ ਮੇਰੀ ਗੂਣ ਵਿਚ ਹੈ। ਤਦ
ਉਨਾਂ ਦਾ ਮਨ ਓਦਰਿਆ, ਅਤੇ ਕੰਬਦੇ ਹੋਏ ਆਪਸ ਵਿਚ
ਆਖਣ ਲਗੇ, ਪਰਮੇਸੁਰ ਨੈ ਸਾਡੇ ਨਾਲ ਇਹ ਕੀ ਕੀਤਾ?
੨੯ ਅਤੇ ਓਹ ਕਨਾਨ ਦੀ ਧਰਤੀ ਵਿਚ ਆਪਣੇ ਪਿਤਾ
ਯਾਕੂਬ ਦੇ ਪਾਸ ਪਹੁਤੇ, ਅਤੇ ਆਪਣੀ ਸਾਰੀ ਵਿ-
੩੦ ਥਿਆ ਉਸ ਥੀਂ ਕਹੀ, ਅਤੇ ਬੋਲੇ; ਉਹ ਮਨੁੱਖ, ਜੋ ਉਸ
ਦੇਸ ਦਾ ਮਾਲਕ ਹੈ, ਸਾ ਨੂੰ ਕਰੜਾਈ ਨਾਲ ਬੋਲਿਆ,
੩੧ ਅਤੇ ਸਾ ਨੂੰ ਮੁਲਖ ਦੇ ਸੇਲੂ ਠਰਾਇਆ। ਅਸੀਂ ਉਸ
ਨੂੰ ਕਿਹਾ, ਜੋ ਅਸੀਂ ਤਾ ਸਚੇ ਹਾਂ; ਅਸੀਂ ਸੇਲੂ ਨਹੀਂ ਹਾਂਗੇ।
੩੨ ਅਸੀਂ ਬਾਰਾਂ ਭਾਈ ਇਕ ਪਿਉ ਦੇ ਪੁੱਤ ਹਾਂਗੇ; ਇਕ ਨਹੀਂ
ਲਭਦਾ, ਅਤੇ ਜਿਹੜਾ ਸਭ ਤੇ ਛੋਟਾ ਹੈ, ਸੋ ਕਨਾਨ ਦੇਸ
੩੩ ਵਿਚ ਅੱਜ ਤੀਕੁ ਅਸਾਡੇ ਪਿਤਾ ਦੇ ਕੋਲ ਹੈ। ਤਦ ਉਸ
ਮਨੁੱਖ ਨੈ, ਜੋ ਮੁਲਖ ਦਾ ਮਾਲਕ ਹੈ, ਸਾ ਨੂੰ ਕਿਹਾ, ਮੈਂ ਇਸ
ਗੱਲ ਤੇ ਮਲੂਮ ਕਰਾਂਗਾ, ਜੋ ਤੁਸੀਂ ਸਚੇ ਹੋ, ਕੇ ਨਹੀਂ; ਆਪ-
ਣਾ ਇਕ ਭਰਾਉ ਮੇਰੇ ਪਾਹ ਛੱਡ ਜਾਓ, ਅਤੇ ਆਪਣੇ
ਟੱਬਰ ਲਈ ਕਾਲ ਵਾਸਤੇ ਅਨਾਜ ਲੈਕੇ ਚਲੇ ਜਾਓ।
੩੪ ਅਤੇ ਆਪਣੇ ਨਿੱਕੜੇ ਭਾਈ ਨੂੰ ਮੇਰੇ ਪਾਸ ਲਿਆਓ;
ਤਾਂ ਮੈਂ ਜਾਣਾਂਗਾ, ਜੋ ਤੁਸੀਂ ਸੇਲੂ ਨਹੀਂ, ਬਲਕ ਸਚੇ ਹੋ;

ਪਿਤਾ, ਉਹ ਬੁੱਢਾ, ਕਿ ਜਿਹ ਦਾ ਤੁਸੀਂ ਜਿਕਰ ਕੀਤਾ ਸਾ,
ਅਨੰਦ ਹੈ? ਕਿਆ ਉਹ ਹੁਣ ਤੀਕੁਰ ਜੀਉਂਦਾ ਹੈ?
ਉਨ੍ਹੀਂ ਉੱਤਰ ਦਿੱਤਾ, ਜੋ ਤੇਰਾ ਚਾਕਰ ਸਾਡਾ ਪਿਤਾ ਹੱਛਾ ੨੮
ਹੈ; ਉਹ ਹੁਣ ਤੀਕੁਰ ਜੀਉਂਦਾ ਹੈ। ਫੇਰ ਉਨ੍ਹੀਂ ਸਿਰ ਝੁ-
ਕਾਕੇ ਨਮਸਕਾਰ ਕੀਤੀ। ਫੇਰ ਉਨ ਅੱਖ ਚੱਕਕੇ ਆਪਣੇ ੨੯
ਮਾਉਂਜਾਏ ਭਰਾਉ ਬਿਨਯਮੀਨ ਨੂੰ ਡਿੱਠਾ, ਅਤੇ ਕਿਹਾ,
ਤੁਹਾਡਾ ਨਿੱਕਾ ਭਰਾਉ, ਜਿਹ ਦੀ ਗੱਲ ਤੁਸੀਂ ਮੇਰੇ ਪਾਹ ਕੀ-
ਤੀ ਹੈਸੀ, ਸੋ ਇਹੋ ਹੈ? ਫੇਰ ਆਖਿਆ, ਹੇ ਮੇਰੇ ਪੁੱਤ੍ਰ,
ਪਰਮੇਸੁਰ ਤੇਰੇ ਪੁਰ ਦਯਾਲ ਰਹੇ। ਫੇਰ ਯੂਸੁਫ ਨੈ ਕਾਹ- ੩੦
ਲ਼ੀ ਕੀਤੀ; ਕਿੰਉਕਿ ਉਹ ਦਾ ਮਨ ਆਪਣੇ ਭਰਾਉ ਦੀ
ਲਈ ਭਰਿ ਆਇਆ, ਅਤੇ ਰੋਣ ਹਾਕਾ ਹੋਇਆ; ਅਰ
ਇੱਕਲਵੰਜੇ ਹੋਕੇ, ਤਿਥੇ ਰੁੰਨਾ॥

ਉਪਰੰਦ ਓਨ ਆਪਣਾ ਮੂੰਹੁੰ ਧੋਤਾ, ਅਤੇ ਬਾਹਰ ਨਿੱਕ- ੩੧
ਲ਼ਕੇ, ਆਪਣਾ ਆਪ ਸੰਭਾਲਿਆ, ਅਤੇ ਕਿਹਾ, ਜੋ ਖਾ-
ਣਾ ਲਿਆਵੇ। ਅਤੇ ਉਨ੍ਹੀਂ ਉਹ ਦੀ ਲਈ ਅੱਡ, ਅਤੇ ੩੨
ਉਨ੍ਹਾਂ ਲਈ ਅੱਡ, ਅਤੇ ਮਿਸਰੀਆਂ ਲਈ, ਜੋ ਉਹ ਦੇ
ਸੰਗ ਖਾਂਦੇ ਹੁੰਦੇ ਸਨ, ਅੱਡ ਖਾਣਾ ਰੱਖਿਆ; ਕਿੰਉਕਿ ਮਿਸ-
ਰੀ ਲੋਕ ਇਬਰਾਨੀਆਂ ਦੇ ਨਾਲ਼ ਖਾਣਾ ਨਹੀਂ ਖਾ ਸਕਦੇ,
ਕਿ ਇਹ ਗੱਲ ਮਿਸਰੀਆਂ ਦੇ ਨਜੀਕ ਸੂਕਵਾਲੀ ਹੈ। ਅਤੇ ੩੩
ਓਹ ਉਸ ਦੇ ਸਾਹਮਣੇ, ਆਪੋ ਆਪਣੇ ਠਿਕਾਣੇ ਸਿਰ,
ਵਡਾ ਆਪਣੀ ਵਡਿਆਈ ਦੇ, ਅਤੇ ਛੋਟਾ ਆਪਣੀ ਛੁ-
ਟਿਆਈ ਦੇ ਅਨੁਸਾਰ ਬੈਠ ਗਏ; ਅਤੇ ਓਹ ਮਨੁਖ ਇਕ
ਦੂਜੇ ਦੀ ਵਲ ਡੈਂਬਰੇ ਹੋਏ ਦੇਖ ਰਹੇ ਸਨ। ਅਤੇ ਓਨ ੩੪
ਆਪਣੇ ਅੱਗਿਓਂ ਉਨ੍ਹਾਂ ਨੂੰ ਥਾਲੀਆਂ ਚੱਕ ਦਿੱਤੀਆਂ;
ਪਰ ਬਿਨਯਮੀਨ ਦੀ ਥਾਲੀ ਹੋਰਨਾਂ ਦੀਆਂ ਥਾਲੀਆਂ

ਸਰਦ ਅਤੇ ਅਲੂਨ ਅਰ ਯਹਿਲੇਲ। ਲੀਆ ਦੇ ਪੁੱਤ ੧੫
ਏਹ ਹਨ, ਜੋ ਪੱਦਾਨ-ਅਰਾਮ ਵਿਚ ਯਾਕੂਬ ਤੇ, ਦੀਨਾ ਸ-
ਮੇਤ, ਜੋ ਉਹ ਦੀ ਧੀ ਸੀ, ਪੈਦਾ ਹੋਏ। ਸੋ ਉਹ ਦੇ ਧੀਆਂ
ਪੁੱਤ, ਸਰਬੱਤ ਤੇਤੀਹ ਜਣੇ ਹਨ। ਅਤੇ ਜੱਦ ਦੇ ਪੁੱਤ ੧੬
ਏਹ; ਸਫਯਾਨ ਅਤੇ ਹਾਜੀ ਅਤੇ ਸੂਨੀ ਅਤੇ ਇਸਬਾਨ
ਅਤੇ ਈਰੀ ਅਤੇ ਅਰੋਦੀ ਅਤੇ ਅਰੇਲੀ। ਅਤੇ ਯਸਰ ੧੭
ਦੇ ਪੁੱਤ ਏਹ ਹਨ; ਯੁਮਨਾ ਅਤੇ ਇਸਵਾ ਅਤੇ ਇਸਵੀ
ਅਤੇ ਬਰੀਆ, ਅਤੇ ਸਰੀਹ ਤਿਨਾਂ ਦੀ ਭੈਣ। ਅਤੇ ਬ-
ਰੀਆ ਦੇ ਪੁੱਤ੍ਰ, ਹਿਬਰ ਅਤੇ ਮਲਕਿਏਲ। ਜਿਲਫਾ, ੧੮
ਜੋ ਲਾਬਾਨ ਨੈ ਆਪਣੀ ਧੀ ਲੀਆ ਨੂੰ ਦਿੱਤੀ, ਤਿਸ ਦੇ
ਪੁੱਤ੍ਰ ਏਹੋ ਹਨ, ਅਤੇ ਓਨ ਯਾਕੂਬ ਲਈ ਏਹ ਸੋਲਾਂ ਜਣੇ।
ਅਤੇ ਯਾਕੂਬ ਦੀ ਤ੍ਰੀਮਤ ਰਾਹੇਲ ਦੇ ਪੁੱਤ੍ਰ ਯੂਸੁਫ ਅਤੇ ੧੯
ਬਿਨਯਮੀਨ ਹਨ। ਅਤੇ ਯੂਸੁਫ ਤੇ ਮਿਸਰ ਵਿਚ ਮਨੱਸੀ ੨੦
ਅਤੇ ਇਫਰਾਈਮ ਪੈਦਾ ਹੋਏ; ਏਹ ਓਨ ਦੇ ਯਾਜਕ ਪੋ-
ਤੀਫਰਾ ਦੀ ਧੀ ਅਸਨਾਥ ਦੇ ਪੇਟੋਂ ਜੰਮੇ। ਅਤੇ ਬਿਨਯ- ੨੧
ਮੀਨ ਦੇ ਪੁੱਤ ਏਹ ਹਨ; ਬੇਲਾ ਅਤੇ ਬਕਰ ਅਤੇ ਅਸ-
ਬੇਲ ਅਤੇ ਜਿਰਾ ਅਤੇ ਨਾਮਾਨ, ਅਖੀ ਅਤੇ ਰੋਸ, ਮੁਪਿਮ
ਅਤੇ ਹੁਪਿਮ ਅਤੇ ਅਰਦ। ਏਹ ਰਾਹੇਲ ਦੇ ਪੁੱਤ ਹਨ, ੨੨
ਜੋ ਉਸ ਨੈ ਯਾਕੂਬ ਲਈ ਜਣੇ; ਸੋ ਏਹ ਸਭੇ ਚੌਦਾਂ ਜਣਾਂ
ਹਨ। ਅਤੇ ਦਾਨ ਦੇ ਪੁੱਤ ਹੁਸਿਮ। ਅਤੇ ਨਫਤਾਲੀ ੨੪
ਦੇ ਪੁੱਤ੍ਰ ਯਹਸਿਏਲ ਅਤੇ ਜੂਨੀ ਅਤੇ ਯਿਸਰ ਅਤੇ ਸ-
ਲੀਮ। ਏਹ ਬਿਲਹਾ ਦੇ ਪੁੱਤ ਹਨ, ਜੋ ਲਾਬਾਨ ਨੈ ੨੫
ਆਪਣੀ ਧੀ ਰਾਹੇਲ ਨੂੰ ਦਿੱਤੀ ਸੀ; ਸੋ ਏਹ ਸਭੇ ਸੱਤ ਪ-
ਰਾਣੀ ਹਨ, ਜਿਨਾਂ ਨੂੰ ਓਨ ਯਾਕੂਬ ਦੀ ਲਈ ਜਣਿਆ॥

ਏਹ ਸਭ ਦੇ ਸਭ, ਜੋ ਯਾਕੂਬ ਦੇ ਸੰਗ ਮਿਸਰ ਵਿਚ ਆਏ, ੨੬

ਆਕੇ ਕਿਹਾ, ਸਾ ਨੂੰ ਰੋਟੀ ਦਿਹ; ਤੇਰੇ ਹੁੰਦੇ ਅਸੀਂ ਕਿੰਉ
ਮਰਜੇ? ਕਿੰਉਕਿ ਪੈਸਾ ਨਹੀਂ ਲਭਦਾ। ਜੂਸੁਫ ਨੈ ਕਿ- ੧੬
ਹਾ, ਜੇ ਪੈਸਾ ਨਹੀਂ ਲਭਦਾ, ਤਾਂ ਆਪਲੇ ਡੰਗਰ ਪਸੂ ਦੇਵੋ;
ਉਨਾਂ ਦੇ ਬਦਲੇ ਤੁਹਾ ਨੂੰ ਅੰਨ ਦਿਆਂਗਾ। ਤਦ ਓਹ ੧੭
ਆਪਲੇ ਪਸੂ ਜੂਸੁਫ ਕੋਲ਼ ਲਿਆਏ; ਅਤੇ ਜੂਸੁਫ ਨੈ ਘੋ-
ੜਿਆਂ, ਭੇਡਾਂ, ਬੱਕਰੀਆਂ, ਅਤੇ ਗਾਈਆਂ ਬਲ਼ਦਾਂ ਦੇ
ਚੋਲਿਆਂ, ਅਤੇ ਖੋਤਿਆਂ ਦੇ ਬਦਲੇ ਤਿਨਾਂ ਨੂੰ ਅੰਨ ਦਿ-
ਤਾ; ਅਤੇ ਉਸ ਸਾਲ ਉਨਾਂ ਦੇ ਸਰਬੱਤ ਪਸੂਆਂ ਪਿਛੇ
ਓਨ ਤਿਨਾਂ ਨੂੰ ਖਵਾਇਆ॥

ਜਦ ਉਹ ਸਾਲ ਬਤੀਤ ਹੋ ਗਿਆ, ਤਾਂ ਦੂਜੇ ਸਾਲ ਫੇਰ ੧੮
ਉਸ ਪਾਹ ਆਏ, ਅਤੇ ਉਹ ਨੂੰ ਕਿਹਾ, ਜੋ ਅਸੀਂ ਆਪਲੇ
ਪ੍ਰਭੁ ਤੇ ਨਹੀਂ ਲੁਕਾਉਂਦੇ, ਜੋ ਸਾਡਾ ਪੈਸਾ ਖਰਚ ਹੋ ਚੁੱਕਾ;
ਸਾਡੇ ਮਾਲਕ ਨੈ ਸਾਡੇ ਪਸੂਆਂ ਨੂੰ ਬੀ ਲੈ ਲੀਤਾ ਹੈ;
ਸੋ ਹੁਣ ਸਾਡੇ ਮਾਲਕ ਦੀ ਨਿਗਾ ਵਿਚ, ਸਾਡੇ ਸਰੀਰਾਂ
ਅਤੇ ਖੇਤਾਂ ਛੁੱਟ ਹੋਰ ਕੁਹੁੰ ਬਾਕੀ ਨਹੀਂ ਰਿਹਾ। ਸੋ ਅਸੀਂ ੧੯
ਆਪਲੀ ਭੋਂ ਸਲੇ ਤੇਰੀਆਂ ਅੱਖਾਂ ਦੇ ਸਾਹਮਲੇ ਕਿੰਉ ਮਰ-
ਜੇ? ਸਾ ਨੂੰ ਅਤੇ ਸਾਡੀ ਭੋਂ ਨੂੰ ਰੋਟੀ ਪੁਰ ਮੁੱਲ ਲੈ ਲੈ;
ਅਸੀਂ ਆਪਲੀ ਭੋਂ ਸਮੇਤ ਫਿਰਊਨ ਦੀ ਗੁਲਾਮੀ ਵਿਚ
ਰਹਾਂਗੇ। ਅਤੇ ਦਾਲਾ ਦਿਹ, ਜੋ ਅਸੀਂ ਜੀਵਜੇ, ਅਤੇ
ਨਾ ਮਰਜੇ, ਅਤੇ ਧਰਤੀ ਉਜੜ ਨਾ ਹੋ ਜਾਵੇ। ਅਤੇ ਜੂ- ੨੦
ਸੁਫ ਨੈ ਮਿਸਰ ਦੀ ਸਾਰੀ ਧਰਤੀ ਫਿਰਊਨ ਲਈ ਮੁੱਲ
ਲੀਤੀ; ਕਿੰਉਕਿ ਮਿਸਰੀਆਂ ਵਿਚੋਂ ਹਰੇਕ ਜਲੇ ਨੈ ਆਪੋ
ਆਪਲੀ ਭੋਂ ਬੇਚ ਸਿੱਟੀ; ਇਸ ਕਰਕੇ ਜੋ ਕਾਲ਼ ਨੈ ਤਿਨਾਂ
ਨੂੰ ਅੰਤ ਦੁਖਾਇਆ ਸਾ; ਸੋ ਉਹ ਧਰਤੀ ਫਿਰਊਨ ਦੀ
ਹੋ ਗਈ। ਅਤੇ ਓਨ ਲੋਕਾਂ ਤਾਈਂ ਨਗਰਾਂ ਵਿਚ, ਮਿਸਰ ੨੧

ਉਨ੍ਹ ਦੇ ਮਨ ਨੂੰ ਕਠਣ ਕਰਾਂਗਾ, ਜੋ ਉਹ ਤਿਨਾਂ ਦਾ ਪਿੱਛਾ
ਕਰੇਗਾ; ਅਤੇ ਮੈਂ ਫਿਰਊਨ ਅਤੇ ਉਹ ਦੀ ਸਾਰੀ ਫੌਜ ਉੱਤੇ
ਆਪਣੀ ਭੜਕ ਪਰਗਟ ਕਰਾਂਗਾ; ਤਾਂ ਮਿਸਰੀ ਜਾਨਣ, ਜੋ
ਪ੍ਰਭੁ ਮੈਂ ਹੀ ਹਾਂ। ਅਤੇ ਉਨ੍ਹੀਂ ਅਜਿਹਾ ਹੀ ਕੀਤਾ॥
੫ ਅਤੇ ਜਦ ਮਿਸਰ ਦੇ ਪਾਤਸਾਹ ਨੂੰ ਖਬਰ ਹੋਈ, ਜੋਂ ਓਹ
ਲੋਕ ਨੱਸ ਗਏ, ਤਾਂ ਫਿਰਊਨ ਅਤੇ ਉਹ ਦੇ ਚਾਕਰਾਂ ਦਾ ਮਨ
ਉਨ੍ਹਾਂ ਲੋਕਾਂ ਦੀ ਵਲੋਂ ਮੁੜ ਗਿਆ, ਅਤੇ ਓਹ ਬੋਲੇ, ਜੋਂ
ਅਸੀਂ ਇਹ ਕੀ ਕੀਤਾ, ਜੋ ਇਸਰਾਏਲ ਨੂੰ ਆਪਣੀ ਟ-
੬ ਹਿਲ ਥੀਂ ਬਾਹਰ ਜਾਣ ਦਿੱਤਾ? ਤਦ ਓਨ ਆਪਣੀਆਂ
੭ ਗੱਡੀਆਂ ਜੋਤੀਆਂ, ਅਤੇ ਆਪਣੇ ਲੋਕ ਸੰਗ ਲੀਤੇ; ਅਤੇ
ਓਨ ਛੇ ਸੌ ਸੁਥਰੀਆਂ ਰਥਾਂ, ਅਤੇ ਮਿਸਰ ਦੀਆਂ ਸਰਬੱਤ
ਰਥਾਂ ਸੰਗ ਲਈਆਂ; ਅਤੇ ਉਨ੍ਹਾਂ ਸਭਨਾਂ ਉੱਤੇ ਰਸਾਲ-
੮ ਦਾਰ ਬਹਾਲੇ। ਅਤੇ ਪ੍ਰਭੁ ਨੈ ਮਿਸਰ ਦੇ ਰਾਜੇ ਫਿਰਊਨ
ਦਾ ਮਨ ਕਠਣ ਕਰ ਦਿੱਤਾ, ਅਤੇ ਉਹ ਇਸਰਾਏਲ ਦੇ ਵੰਸ
ਦੇ ਪਿੱਛੇ ਚੜ੍ਹ ਦੌੜਿਆ; ਪਰ ਇਸਰਾਏਲ ਦੇ ਵੰਸ ਤਲੇ-
੯ ਤਲੀ ਨਿੱਕਲ਼ ਗਏ। ਅਤੇ ਮਿਸਰੀ ਉਨ੍ਹਾਂ ਦਾ ਪਿੱਛਾ ਕੀਤੀ
ਚਲੇ ਗਏ, ਅਤੇ ਫਿਰਊਨ ਦੇ ਸਾਰੇ ਘੋੜਿਆਂ, ਅਤੇ ਉਹ
ਦੇ ਰਥਾਂ, ਅਤੇ ਉਹ ਦੇ ਅਸਵਾਰਾਂ, ਅਤੇ ਉਹ ਦੇ ਲਸਕਰ
ਨੈ, ਉਨ੍ਹਾਂ ਨੂੰ ਤੰਬੂ ਖੜੇ ਕਰਦੇ, ਸਮੁੰਦ ਉੱਤੇ ਫੀਖੈਰੋਤ ਦੇ
੧੦ ਅੱਗੇ ਬਾਲਤਿਫੋਨ ਦੇ ਸਾਹਮਣੇ ਜਾ ਹੀ ਲਿਆ। ਅਤੇ
ਜਾਂ ਫਿਰਊਨ ਨੇੜੇ ਪਹੁਤਾ, ਤਾਂ ਇਸਰਾਏਲੀਆਂ ਨੈ ਅੱਖਾਂ
ਉਪੁਰ ਚੱਕੀਆਂ, ਅਤੇ ਮਿਸਰੀ ਆਪਣੇ ਪਿੱਛੇ ਆਉਂਦੇ
ਡਿੱਠੇ; ਅਤੇ ਉਨ੍ਹੀਂ ਅੱਤ ਭੌ ਖਾਹਦਾ; ਅਤੇ ਇਸਰਾਏਲ
੧੧ ਦੇ ਵੰਸ ਨੈ ਪ੍ਰਭੁ ਦੇ ਅੱਗੇ ਫਰਿਆਦ ਕੀਤੀ; ਅਤੇ ਮੂਸਾ
ਨੂੰ ਕਿਹਾ, ਕੀ ਮਿਸਰ ਵਿਚ ਕਬਰਾਂ ਨਾ ਹੋਣ ਕਰਕੇ ਤੂੰ ਸਾ ਨੂੰ

ਜਲਾ, ਆਪਣੇ ਲੋਕਾਂ ਦੀ ਗਿਣਤੀ ਕਰਕੇ, ਉਨ੍ਹਾਂ ਲਈ ਜੋ
ਜਿਸ ਦੇ ਤੰਬੂ ਵਿਚ ਹੈ, ਮਨੁਖ ਪਿਛੇ ਇਕ ਓਮਰ ਲੈ ਲਵੇ।
ਸੋ ਇਸਰਾਏਲ ਦੇ ਵੰਸ ਨੈ ਇਸੀ ਪਰਕਾਰ ਕੀਤਾ; ਕਈ- ੧੭
ਆਂ ਨੈ ਬਹੁਤ, ਅਤੇ ਕਈਆਂ ਨੈ ਥੁਹੁੜਾ ਕੱਠਾ ਕੀਤਾ।
ਤਾਂ ਉਨ੍ਹੀਂ ਉਹ ਨੂੰ ਓਮਰ ਨਾਲ਼ ਮਾਪਿਆ; ਅਤੇ ਜਿਨ ੧੮
ਬਾਹਲ਼ਾ ਕੱਠਾ ਕੀਤਾ ਸੀ, ਉਹ ਦਾ ਕੁਝ ਵਧੀਕ ਨਾ ਉਤਰਿ-
ਆ, ਅਤੇ ਉਹ ਦਾ, ਜਿਨ ਘੱਟ ਕੱਠਾ ਕੀਤਾ ਸੀ, ਘੱਟ ਨਾ
ਉੱਤਰਿਆ; ਹਰੇਕ ਨੈ ਆਪਣੇ ਖਾਣ ਜੋਗਾ ਚੱਕ ਲੀਤਾ।
ਅਤੇ ਮੂਸਾ ਨੈ ਉਨ੍ਹਾਂ ਨੂੰ ਕਿਹਾ, ਜੋ ਕੋਈ ਉਸ ਵਿਚੋਂ ਸਵੇਰ ੧੯
ਹੁੰਦੀ ਤੀਕੁ ਬਾਕੀ ਨਾ ਛੱਡੇ; ਪਰ ਉਨ੍ਹੀਂ ਤਿਸ ਦੀ ਨਾ ਸੁ- ੨੦
ਣੀ; ਬਲਕ ਕਈਆਂ ਨੈ ਸਵੇਰ ਤੀਕੁ ਕੁਝ ਰਹਿਣ ਦਿੱਤਾ;
ਸੋ ਉਸ ਵਿਚ ਕੀੜੇ ਪੈ ਗਏ, ਅਤੇ ਸੜ ਗਿਆ; ਅਤੇ ਮੂਸਾ
ਉਨ੍ਹਾਂ ਪੁਰ ਗੁਸੇ ਹੋਇਆ। ਅਤੇ ਓਹ ਹਰ ਸਵੇਰ ਨੂੰ ਇਕ ੨੧
ਇਕ ਆਪਣੇ ਖਾਣ ਜੋਗਾ ਚੁਗਦੇ ਰਹੇ; ਅਤੇ ਜਾਂ ਧੁੱਪ ਚੜ੍ਹੀ,
ਤਾਂ ਉਹ ਪਿਘਲ਼ ਗਿਆ॥

ਅਤੇ ਅਜਿਹਾ ਹੋਇਆ, ਜੋ ਛੇਵੇਂ ਦਿਨ ਉਨ੍ਹੀਂ ਦੂਣੀ ੨੨
ਰੋਟੀ ਕੱਠੀ ਕੀਤੀ, ਦੋ ਦੋ ਓਮਰ ਇਕ ਇਕ ਦੀ ਲਈ; ਅਤੇ
ਸਰਬੱਤ ਮੰਡਲ਼ੀ ਦੇ ਸਰਦਾਰਾਂ ਨੈ ਆਕੇ ਮੂਸਾ ਨੂੰ ਖਬਰ
ਦਿੱਤੀ। ਓਨ ਤਿਨ੍ਹਾਂ ਨੂੰ ਕਿਹਾ, ਇਹ ਉਹੋ ਹੈ, ਜੋ ਪ੍ਰਭੁ ਨੈ ੨੩
ਕਿਹਾ ਸੀ, ਕੱਲ ਦਾ ਦਿਨ ਪ੍ਰਭੁ ਦੇ ਪਵਿਤ੍ਰ ਸਬਤ ਦਾ ਦਿਨ
ਹੈ; ਜੋ ਤੁਸੀਂ ਰਿੰਨ੍ਹਣਾ ਹੈ, ਸੋ ਰਿੰਨ੍ਹ ਲਵੋ, ਅਤੇ ਜੋ ਉਬਾਲ਼-
ਣਾ ਹੈ, ਉਬਾਲ਼ ਲਵੋ; ਅਤੇ ਜੋ ਬਚ ਰਹੇ, ਸੋ ਆਪਣੇ ਲਈ
ਸਵੇਰ ਤੀਕੁ ਸਮਹਾਲ਼ ਰੱਖੋ। ਸੋ ਉਨ੍ਹੀਂ ਮੂਸਾ ਦੇ ਕਹਿਣੇ ੨੪
ਅਨੁਸਾਰ ਸਵੇਰ ਤੀਕੁ ਰੱਖ ਛਡਿਆ; ਪਰ ਉਹ ਨਾ ਤਾ
ਸੜਿਆ, ਅਤੇ ਨਾ ਉਸ ਵਿਚ ਕੀੜੇ ਪਏ। ਅਤੇ ਮੂਸਾ ਨੈ ੨੫

